# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਦਾ 93ਵਾਂ ਜਨਮ ਦਿਨ ਸਾਹਿਤਕ ਮਿਲਣੀ ਵਜੋਂ ਮਨਾਇਆ

### ਪੰਜਾਬੀ ਕਮਿਊਨਿਟੀ ਦੇ ਸਹਿਯੋਗ ਨਾਲ ਕੈਰਲਿਨ ਪੈਰਿਸ਼ ਸਾਡੀ ਅਗਲੀ ਮੇਅਰ ਹੋਵੇਗੀ: ਸਰਦੂਲ ਸਿੰਘ ਥਿਆੜਾ

ਵਰਲਡ ਪੰਜਾਬੀ ਟਾਈਮਜ਼ ਹਰਦੇਵ ਚੌਹਾਨ



ਸਰੀ, 9 ਅਗਸਤ : ਵੈਨਕੂਵਰ ਵਿਚਾਰ ਮੰਚ ਅਤੇ ਗ਼ਜ਼ਲ ਮੰਚ ਸਰੀ ਵੱਲੋਂ ਪ੍ਰਸਿੱਧ ਪੰਜਾਬੀ ਨਾਵਲਕਾਰ ਜਰਨੈਲ ਸਿੰਘ ਸੇਖਾ ਦਾ 93ਵਾਂ ਜਨਮ ਦਿਨ ਗੁਲਾਟੀ ਪਬਲਿਸ਼ਰਜ਼ ਲਿਮਟਿਡ, ਸਰੀ ਵਿਖੇ ਸਾਹਿਤਕ ਮਿਲਣੀ ਦੇ ਰੂਪ ਵਿੱਚ ਮਨਾਇਆ ਗਿਆ। ਇਸ ਮੌਕੇ ਸਾਹਿਤਕਾਰਾਂ ਅਤੇ ਸਾਹਿਤ-ਪ੍ਰੇਮੀਆਂ ਨੇ ਜਰਨੈਲ ਸਿੰਘ ਸੇਖਾ ਨੂੰ ਜਨਮ ਦਿਨ ਦੀਆਂ ਮੁਬਾਰਕਾਂ ਦਿੰਦਿਆਂ ਉਨ੍ਹਾਂ ਦੀ ਚੰਗੀ ਸਿਹਤ, ਤੰਦਰੁਸਤੀ ਅਤੇ ਲੰਮੀ ਉਮਰ ਦੀ ਕਾਮਨਾ ਕੀਤੀ।

ਇਸ ਮੌਕੇ ਮੋਹਨ ਗਿੱਲ, ਅੰਗਰੇਜ਼ ਬਰਾੜ, ਜਸਵਿੰਦਰ, ਰਾਜਵੰਤ ਰਾਜ, ਦਵਿੰਦਰ ਗੌਤਮ, ਪ੍ਰੀਤ ਮਨਪ੍ਰੀਤ, ਹਰਦਮ ਮਾਨ ਅਤੇ ਪਰਮਜੀਤ ਸੇਖੋਂ ਨੇ ਜਰਨੈਲ ਸਿੰਘ ਸੇਖਾ ਨਾਲ ਸਾਹਿਤਕ ਸਾਂਝ ਅਤੇ ਉਨ੍ਹਾਂ ਦੇ ਲੰਮੇ ਰਚਨਾਤਮਕ ਸਫ਼ਰ ਨਾਲ ਜੁੜੀਆਂ ਗੱਲਾਂ ਸਾਂਝੀਆਂ ਕੀਤੀਆਂ। ਜਨਮ ਦਿਨ ਦੀ ਖੁਸ਼ੀ ਵਿੱਚ ਕੇਕ ਕੱਟਿਆ ਗਿਆ ਅਤੇ ਉਨ੍ਹਾਂ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰ ਕੇ ਸਨੇਹ ਅਤੇ ਸਤਿਕਾਰ ਪ੍ਰਗਟ ਕੀਤਾ ਗਿਆ। ਜਰਨੈਲ ਸਿੰਘ ਸੇਖਾ ਦੀ ਸਾਹਿਤਕ ਦੇਣ ਬਾਰੇ ਗੱਲਬਾਤ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਸ. ਸੇਖਾ ਨੇ ਪੰਜਾਬੀ ਸਾਹਿਤ ਵਿੱਚ ਆਪਣੀ ਵੱਖਰੀ ਪਛਾਣ ਬਣਾਈ ਹੈ। ਉਨ੍ਹਾਂ ਦੀ ਰਚਨਾ ਵਿੱਚ ਪੰਜਾਬ ਦੀ ਮਿੱਟੀ ਨਾਲ ਜੁੜੀਆਂ ਯਾਦਾਂ ਦੇ ਨਾਲ ਨਾਲ ਪਰਵਾਸੀ ਜੀਵਨ ਦੀਆਂ ਜਟਿਲਤਾਵਾਂ, ਮਨੁੱਖੀ ਰਿਸ਼ਤਿਆਂ ਦੀਆਂ ਗੁੰਝਲਾਂ, ਸਮਾਜਿਕ ਤਬਦੀਲੀਆਂ ਅਤੇ ਨਵੇਂ ਮਾਹੌਲ ਵਿੱਚ ਵਸਣ ਵਾਲੇ ਪੰਜਾਬੀ ਮਨੁੱਖ ਦੀਆਂ ਸਮੱਸਿਆਵਾਂ ਦੀ ਪੇਸ਼ਕਾਰੀ ਮਿਲਦੀ ਹੈ।

ਜਰਨੈਲ ਸਿੰਘ ਸੇਖਾ ਦਾ ਸਾਹਿਤਕ ਸਫ਼ਰ ਪੰਜਾਬ ਦੀ ਧਰਤੀ ਤੋਂ ਸ਼ੁਰੂ ਹੋ ਕੇ ਕੈਨੇਡਾ ਦੀ ਧਰਤੀ ਤੱਕ ਪਹੁੰਚਿਆ। ਅਧਿਆਪਕ ਵਜੋਂ ਸੇਵਾ ਨਿਭਾਉਣ ਤੋਂ ਬਾਅਦ ਕੈਨੇਡਾ ਆ ਕੇ ਉਨ੍ਹਾਂ ਨੇ ਪਰਵਾਸੀ ਜੀਵਨ ਦੇ ਤਜਰਬਿਆਂ ਨੂੰ ਬੜੀ ਨੇੜਿਓਂ ਮਹਿਸੂਸ ਕੀਤਾ। ਇਹ ਤਜਰਬੇ ਬਾਅਦ ਵਿੱਚ ਉਨ੍ਹਾਂ ਦੀ ਰਚਨਾ ਦਾ ਮਹੱਤਵਪੂਰਨ ਹਿੱਸਾ ਬਣੇ। ਉਨ੍ਹਾਂ ਨੇ ਆਪਣੇ ਆਲੇ ਦੁਆਲੇ ਦੇ ਜੀਵਨ, ਲੋਕਾਂ ਅਤੇ ਸਮਾਜਿਕ ਵਰਤਾਰਿਆਂ ਨੂੰ ਗਹੁ ਨਾਲ ਦੇਖਿਆ ਅਤੇ ਉਨ੍ਹਾਂ ਨੂੰ ਕਹਾਣੀਆਂ ਤੇ ਨਾਵਲਾਂ ਦੇ ਰੂਪ ਵਿੱਚ ਪੇਸ਼ ਕੀਤਾ।

ਸ. ਸੇਖਾ ਦੀਆਂ ਪ੍ਰਮੁੱਖ ਰਚਨਾਵਾਂ ਵਿੱਚ 'ਦੁਨੀਆ ਕੈਸੀ ਹੋਈ', 'ਭਗੌੜਾ', 'ਆਪਣਾ ਆਪਣਾ ਸੁਰਗ', 'ਭਗੌੜਾ', 'ਦੁੱਲੇ ਦੀ ਬਾਰ ਤੱਕ', 'ਵੈਨਕੂਵਰ ਸੇ ਲਾਇਲਪੁਰ', 'ਬੇਗਾਨੇ', 'ਵਿਗੋਚਾ' 'ਨਾਬਰ' 'ਚੇਤੇ ਵਿਚ ਉੱਕਰੇ ਚਿਹਰੇ' ਆਦਿ ਸ਼ਾਮਲ ਹਨ। ਉਨ੍ਹਾਂ ਦੀ ਆਤਮਕਥਾ 'ਕੰਡਿਆਰੇ ਪੰਧ' ਉਨ੍ਹਾਂ ਦੇ ਜੀਵਨ, ਸੰਘਰਸ਼ ਅਤੇ ਸਾਹਿਤਕ ਸਫ਼ਰ ਦਾ ਮਹੱਤਵਪੂਰਨ ਦਸਤਾਵੇਜ਼ ਮੰਨੀ ਜਾਂਦੀ ਹੈ। ਉਨ੍ਹਾਂ ਦੀਆਂ ਲਿਖਤਾਂ ਵਿੱਚ ਪਰਵਾਸ ਦੀ ਪੀੜ ਦੇ ਨਾਲ-ਨਾਲ ਆਪਣੀ ਮਿੱਟੀ, ਭਾਸ਼ਾ ਅਤੇ ਸੱਭਿਆਚਾਰ ਨਾਲ ਜੁੜੇ ਰਹਿਣ ਦੀ ਤਾਂਘ ਵੀ ਪ੍ਰਮੁੱਖ ਰੂਪ ਵਿੱਚ ਉਭਰਦੀ ਹੈ।

ਜਰਨੈਲ ਸਿੰਘ ਸੇਖਾ ਦੀ ਦੇਣ ਸਿਰਫ਼ ਇੱਕ ਨਾਵਲਕਾਰ ਜਾਂ ਕਹਾਣੀਕਾਰ ਵਜੋਂ ਹੀ ਨਹੀਂ ਹੈ। ਕੈਨੇਡਾ ਵਿੱਚ ਪੰਜਾਬੀ ਭਾਸ਼ਾ ਅਤੇ ਸਾਹਿਤ ਦੀਆਂ ਸਰਗਰਮੀਆਂ ਨੂੰ ਉਤਸ਼ਾਹਿਤ ਕਰਨ ਲਈ ਵੀ ਉਹ ਲੰਮੇ ਸਮੇਂ ਤੋਂ ਯਤਨਸ਼ੀਲ ਰਹੇ ਹਨ। ਸਾਹਿਤਕ ਸਮਾਗਮਾਂ, ਵਿਚਾਰ ਗੋਸ਼ਟੀਆਂ ਅਤੇ ਪੰਜਾਬੀ ਸਾਹਿਤ ਨਾਲ ਸਬੰਧਤ ਗਤੀਵਿਧੀਆਂ ਵਿੱਚ ਉਨ੍ਹਾਂ ਦੀ ਸਰਗਰਮ ਸ਼ਮੂਲੀਅਤ ਨੇ ਇੱਥੋਂ ਦੇ ਪੰਜਾਬੀ ਸਾਹਿਤਕ ਮਾਹੌਲ ਨੂੰ ਮਜ਼ਬੂਤ ਕਰਨ ਵਿੱਚ ਯੋਗਦਾਨ ਪਾਇਆ ਹੈ।

93ਵੇਂ ਜਨਮ ਦਿਨ ਮੌਕੇ ਹੋਈ ਇਹ ਮਿਲਣੀ ਇੱਕ ਪਾਸੇ ਜਿੱਥੇ ਜਨਮ ਦਿਨ ਦੀ ਖੁਸ਼ੀ ਸਾਂਝੀ ਕਰਨ ਦਾ ਮੌਕਾ ਸੀ, ਉੱਥੇ ਦੂਜੇ ਪਾਸੇ ਪੰਜਾਬੀ ਸਾਹਿਤ ਦੇ ਇੱਕ ਲੰਮੇ ਅਤੇ ਮਹੱਤਵਪੂਰਨ ਸਫ਼ਰ ਨੂੰ ਯਾਦ ਕਰਨ ਦਾ ਮੌਕਾ ਵੀ ਬਣੀ। ਕੇਕ ਕੱਟਣ ਅਤੇ ਫੁੱਲਾਂ ਦਾ ਗੁਲਦਸਤਾ ਭੇਟ ਕਰਨ ਦੀ ਰਸਮ ਤੋਂ ਬਾਅਦ ਸਮੁੱਚਾ ਮਾਹੌਲ ਸਾਹਿਤਕ ਗੱਲਬਾਤ, ਯਾਦਾਂ ਅਤੇ ਆਪਸੀ ਸਨੇਹ ਨਾਲ ਭਰਿਆ ਰਿਹਾ। ਇਸ ਸਾਦਗੀ ਭਰੀ ਮਿਲਣੀ ਵਿੱਚੋਂ ਇਹ ਅਹਿਸਾਸ ਵੀ ਉਭਰਿਆ ਕਿ ਸਾਹਿਤਕਾਰ ਦਾ ਜਨਮ ਦਿਨ ਕੇਵਲ ਉਸ ਦੀ ਉਮਰ ਦਾ ਇੱਕ ਹੋਰ ਵਰ੍ਹਾ ਪੂਰਾ ਹੋਣਾ ਨਹੀਂ, ਸਗੋਂ ਉਸ ਵੱਲੋਂ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਦਿੱਤੇ ਸਮੇਂ, ਤਜਰਬੇ ਅਤੇ ਸਿਰਜਣਾ ਨੂੰ ਯਾਦ ਕਰਨ ਦਾ ਮੌਕਾ ਹੁੰਦਾ ਹੈ। ਸਾਰੇ ਲੇਖਕ ਮਿੱਤਰਾਂ ਦਾ ਕਹਿਣਾ ਸੀ ਕਿ ਜਰਨੈਲ ਸਿੰਘ ਸੇਖਾ ਵਰਗੇ ਸਾਹਿਤਕਾਰਾਂ ਦੀ ਮੌਜੂਦਗੀ ਹੀ ਕਿਸੇ ਸਾਹਿਤਕ ਸਮਾਜ ਲਈ ਇੱਕ ਵੱਡੀ ਦੌਲਤ ਹੈ। ਸਭ ਨੇ ਕਾਮਨਾ ਕੀਤੀ ਕਿ ਸ. ਸੇਖਾ ਦੀ ਕਲਮ ਸਿਹਤਮੰਦ ਰਹੇ, ਉਨ੍ਹਾਂ ਦੀ ਸਿਰਜਣਾ ਦਾ ਸਫ਼ਰ ਜਾਰੀ ਰਹੇ ਅਤੇ ਪੰਜਾਬੀ ਸਾਹਿਤ ਦੀ ਇਹ ਰੌਸ਼ਨ ਮਿਸ਼ਾਲ ਆਉਣ ਵਾਲੀਆਂ ਪੀੜ੍ਹੀਆਂ ਤੱਕ ਇਸੇ ਤਰ੍ਹਾਂ ਜਗਦੀ ਰਹੇ।

## ਲੁਧਿਆਣਾ ਵਿੱਚ ਮੈਤਰੀ ਸੰਸਕਾਰ ਮੁੱਲ ਸਿੱਖਿਆ ਤਹਿਤ ਅਧਿਆਪਕ ਸਿਖਲਾਈ ਪ੍ਰੋਗਰਾਮ ਆਯੋਜਨ ਕੀਤਾ*

### *ਸਿੱਖਿਆ ਦਾ ਮਕਸਦ ਜ਼ਿੰਮੇਵਾਰ ਤੇ ਹਮਦਰਦ ਨਾਗਰਿਕ ਤਿਆਰ ਕਰਨਾ: ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ*

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ, 9 ਅਗਸਤ : ਮੈਤਰੀ ਸੰਸਕਾਰ ਮੁੱਲ ਸਿੱਖਿਆ ਪ੍ਰੋਗਰਾਮ ਤਹਿਤ ਅਧਿਆਪਕ ਸਿਖਲਾਈ ਪ੍ਰੋਗਰਾਮ ਅੱਜ ਸੋਹਨ ਲਾਲ ਪਾਹਵਾ ਆਡੀਟੋਰੀਅਮ, ਲੁਧਿਆਣਾ ਵਿਖੇ ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਹਿਮਾਂਸ਼ੂ ਜੈਨ, ਆਈ.ਏ.ਐਸ. ਦੀ ਮੌਜੂਦਗੀ ਵਿੱਚ ਕਰਵਾਇਆ ਗਿਆ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ ਲੁਧਿਆਣਾ ਸ੍ਰੀਮਤੀ ਡਿੰਪਲ ਮਦਾਨ ਨੇ ਵੀ ਸ਼ਿਰਕਤ ਕੀਤੀ। ਪ੍ਰੋਗਰਾਮ ਵਿੱਚ ਮੈਤਰੀ ਬੋਧ ਪਰਿਵਾਰ ਚੈਰੀਟੇਬਲ ਟਰੱਸਟ ਵੱਲੋਂ ਮੈਤਰੀ ਸੰਸਕਾਰ ਦੇ ਮੈਂਟਰ ਸ੍ਰੀ ਮਿੱਤਰ ਜੀਵ ਅਤੇ ਗਵਰਨੈਂਸ ਸੈੱਲ ਮੈਂਬਰ ਭਾਵਨਾ ਗਹਿਲੋਤ ਵੀ ਮੌਜੂਦ ਸਨ।



ਮੈਤਰੀ ਸੰਸਕਾਰ ਮੁੱਲ ਸਿੱਖਿਆ ਪ੍ਰੋਗਰਾਮ ਮੈਤਰੀ ਬੋਧ ਪਰਿਵਾਰ ਚੈਰੀਟੇਬਲ ਟਰੱਸਟ ਦੀ ਪਹਿਲਕਦਮੀ ਹੈ, ਜਿਸ ਨੂੰ ਜ਼ਿਲ੍ਹਾ ਪ੍ਰਸ਼ਾਸਨ ਲੁਧਿਆਣਾ ਵੱਲੋਂ ਤਿੰਨ ਅਕਾਦਮਿਕ ਸਾਲਾਂ ਲਈ ਪਾਇਲਟ ਪ੍ਰਾਜੈਕਟ ਵਜੋਂ 12 ਸਰਕਾਰੀ ਸਕੂਲਾਂ ਵਿੱਚ ਸ਼ੁਰੂ ਕੀਤਾ ਗਿਆ ਹੈ। ਇਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਚਰਿੱਤਰ ਨਿਰਮਾਣ, ਭਾਵਨਾਤਮਕ ਤੰਦਰੁਸਤੀ, ਜੀਵਨ ਹੁਨਰ, ਜ਼ਿੰਮੇਵਾਰ ਨਾਗਰਿਕਤਾ ਅਤੇ ਸਕਾਰਾਤਮਕ ਮੁੱਲਾਂ ਦਾ ਵਿਕਾਸ ਕਰਨਾ ਹੈ।

ਸਿਖਲਾਈ ਦੌਰਾਨ ਅਧਿਆਪਕਾਂ ਨੂੰ ਬਾਲ-ਕੇਂਦ੍ਰਿਤ ਅਤੇ ਅਨੁਭਵੀ ਸਿੱਖਿਆ ਪੱਧਤੀਆਂ ਬਾਰੇ ਜਾਣਕਾਰੀ ਦਿੱਤੀ ਗਈ, ਤਾਂ ਜੋ ਉਹ ਮੁੱਲ-ਅਧਾਰਤ ਸੈਸ਼ਨਾਂ ਨੂੰ ਰੋਚਕ ਢੰਗ ਨਾਲ ਕਰਵਾ ਸਕਣ ਅਤੇ ਇਨ੍ਹਾਂ ਨੂੰ ਨਿਯਮਤ ਪਾਠਕ੍ਰਮ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਜੋੜ ਸਕਣ।

ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਹਿਮਾਂਸ਼ੂ ਜੈਨ ਨੇ ਕਿਹਾ ਕਿ ਸਿੱਖਿਆ ਦਾ ਉਦੇਸ਼ ਕੇਵਲ ਸਮਰੱਥ ਦਿਮਾਗ ਤਿਆਰ ਕਰਨਾ ਨਹੀਂ, ਸਗੋਂ ਜ਼ਿੰਮੇਵਾਰ, ਹਮਦਰਦ ਅਤੇ ਮੁੱਲ-ਅਧਾਰਤ ਨਾਗਰਿਕ ਪੈਦਾ ਕਰਨਾ ਵੀ ਹੈ। ਸ੍ਰੀ ਮਿੱਤਰ ਜੀਵ ਨੇ ਕਿਹਾ ਕਿ ਮੈਤਰੀ ਸੰਸਕਾਰ ਬੱਚਿਆਂ ਨੂੰ ਦਇਆ, ਇਮਾਨਦਾਰੀ, ਜ਼ਿੰਮੇਵਾਰੀ ਅਤੇ ਸਤਿਕਾਰ ਵਰਗੇ ਮੁੱਲਾਂ ਨੂੰ ਰੋਜ਼ਾਨਾ ਜੀਵਨ ਵਿੱਚ ਅਪਣਾਉਣ ਲਈ ਪ੍ਰੇਰਿਤ ਕਰਦਾ ਹੈ।

ਇਹ ਪਹਿਲ ਬੱਚਿਆਂ ਦੇ ਸੰਪੂਰਨ ਵਿਕਾਸ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਮੈਤਰੀ ਬੋਧ ਪਰਿਵਾਰ ਚੈਰੀਟੇਬਲ ਟਰੱਸਟ ਦੇ ਸਾਂਝੇ ਯਤਨਾਂ ਨੂੰ ਦਰਸਾਉਂਦੀ ਹੈ। ਆਉਣ ਵਾਲੇ ਸਮੇਂ ਵਿੱਚ ਇਸ ਪ੍ਰੋਗਰਾਮ ਨੂੰ ਲੁਧਿਆਣਾ ਦੇ ਹੋਰ ਸਰਕਾਰੀ ਸਕੂਲਾਂ ਤੱਕ ਵਧਾਉਣ ਦੀ ਯੋਜਨਾ ਹੈ।

## ਉੱਘੇ ਖੇਤੀਬਾੜੀ ਵਿਗਿਆਨੀ ਅਤੇ ਸਾਬਕਾ ਵਿਦਿਆਰਥੀ ਨੇ ਪੀ ਏ ਯੂ ਪਹੁੰਚ ਕੇ ਪੁਰਾਣੀਆਂ ਯਾਦਾਂ ਤਾਜ਼ਾ ਕੀਤੀਆਂ

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ 9 ਅਗਸਤ : ਕੌਮਾਂਤਰੀ ਪੱਧਰ 'ਤੇ ਪ੍ਰਸਿੱਧ ਖੇਤੀਬਾੜੀ ਵਿਗਿਆਨੀ ਡਾ. ਵਰਿੰਦਰ ਪਾਲ ਸਿੰਘ ਅਤੇ ਡਾ. ਡੈਨਿਸ ਗੈਰੀਟੀ ਨੇ ਅੱਜ ਯੂਨੀਵਰਸਿਟੀ ਦਾ ਦੌਰਾ ਕਰਕੇ ਨਾ ਸਿਰਫ ਪੁਰਾਣੀਆਂ ਯਾਦਾਂ ਤਾਜ਼ਾ ਕੀਤੀਆਂ ਬਲਕਿ ਮੌਜੂਦਾ ਸਮੇਂ ਵਿਚ ਵਾਤਾਵਰਨ ਪੱਖੀ ਖੇਤੀਬਾੜੀ, ਸਥਿਰ ਖੇਤੀ ਤਰੀਕਿਆਂ, ਅਤੇ ਖੇਤੀਬਾੜੀ ਖੋਜ ਅਤੇ ਸਿੱਖਿਆ ਵਿੱਚ ਆਲਮੀ ਸਹਿਯੋਗ ਨੂੰ ਮਜ਼ਬੂਤ ਕਰਨ ਦੇ ਮੌਕਿਆਂ ਬਾਰੇ ਚਰਚਾ ਕੀਤੀ।

ਜ਼ਿਕਰਯੋਗ ਹੈ ਕਿ ਡਾ. ਵੀਰੇਂਦਰ ਪਾਲ ਸਿੰਘ ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਝੋਨਾ , ਫ਼ਸਲ ਪ੍ਰਬੰਧਨ ਤੇ ਜੰਗਲਾਤ ਖੇਤੀਬਾੜੀ ਵਿਗਿਆਨੀ ਹਨ। ਉਨ੍ਹਾਂ ਨੇ ਇੰਟਰਨੈਸ਼ਨਲ ਸੈਂਟਰ ਫਾਰ ਰਿਸਰਚ ਇਨ ਐਗਰੋਫੋਰੈਸਟਰੀ ਨਾਲ 17 ਸਾਲ ਬਿਤਾਉਣ ਤੋਂ ਪਹਿਲਾਂ ਤਿੰਨ ਦਹਾਕੇ ਅੰਤਰਰਾਸ਼ਟਰੀ ਚੌਲ ਖੋਜ ਸੰਸਥਾ ਵਿੱਚ ਸੇਵਾ ਨਿਭਾਈ। ਉਹ ਵਰਤਮਾਨ ਵਿੱਚ ਸੋਲਰ ਰੇਡੀਏਸ਼ਨ ਮੈਨੇਜਮੈਂਟ ਪਹਿਲਕਦਮੀਆਂ ਨਾਲ ਜੁੜੇ ਹੋਏ ਹਨ।

ਡਾ. ਡੈਨਿਸ ਗੈਰੀਟੀ, ਇੱਕ ਵਿਸ਼ਵ ਪੱਧਰ 'ਤੇ ਸਨਮਾਨਿਤ ਖੇਤੀਬਾੜੀ ਵਿਗਿਆਨੀ ਅਤੇ ਆਈ ਸੀ ਆਰ ਏ ਐੱਫ ਦੇ ਸਾਬਕਾ ਡਾਇਰੈਕਟਰ ਜਨਰਲ ਹਨ। ਉਹ ਪਹਿਲੀ ਵਾਰ 1971 ਵਿੱਚ ਓਹੀਓ ਸਟੇਟ ਯੂਨੀਵਰਸਿਟੀ ਨਾਲ ਵਿਦਿਆਰਥੀ ਐਕਸਚੇਂਜ ਪ੍ਰੋਗਰਾਮ ਦੇ ਤਹਿਤ ਪੀ ਏ ਯੂ ਆਏ ਸਨ। ਉਹ ਵਾਤਾਵਰਨ ਅਤੇ ਸੂਰਜੀ ਰੇਡੀਏਸ਼ਨ ਪ੍ਰਬੰਧਨ 'ਤੇ ਅੰਤਰਰਾਸ਼ਟਰੀ ਪਹਿਲਕਦਮੀਆਂ ਵਿੱਚ ਵੀ ਯੋਗਦਾਨ ਪਾਉਂਦੇ ਹਨ।



ਉਘੇ ਮਹਿਮਾਨਾਂ ਨੇ ਪੀ ਏ ਯੂ ਦੇ ਵਾਈਸ-ਚਾਂਸਲਰ ਡਾ ਸਤਿਬੀਰ ਸਿੰਘ ਗੋਸਲ ਨਾਲ ਮੁਲਾਕਾਤ ਕੀਤੀ ਅਤੇ ਖੇਤੀਬਾੜੀ ਨੂੰ ਦਰਪੇਸ਼ ਚੁਣੌਤੀਆਂ, ਵਾਤਾਵਰਨ ਪੱਖੀ ਖੇਤੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਸਾਂਝੀ ਖੋਜ ਬਾਰੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ।

ਦੋਵਾਂ ਮਾਹਿਰਾਂ ਨੇ ਪੀ ਏ ਯੂ ਵਿਖੇ ਪੇਂਡੂ ਅਜਾਇਬ ਘਰ, ਹਰੀ ਕ੍ਰਾਂਤੀ ਅਜਾਇਬ ਘਰ ਅਤੇ ਜਲ ਸਰੋਤ ਅਜਾਇਬ ਘਰ ਦਾ ਵੀ ਦੌਰਾ ਕੀਤਾ। ਉਨ੍ਹਾਂ ਨੇ ਪੰਜਾਬ ਦੀ ਖੇਤੀਬਾੜੀ ਵਿਰਾਸਤ ਨੂੰ ਸੁਰੱਖਿਅਤ ਰੱਖਣ, ਹਰੀ ਕ੍ਰਾਂਤੀ ਦੀ ਵਿਰਾਸਤ ਨੂੰ ਪ੍ਰਦਰਸ਼ਿਤ ਕਰਨ ਅਤੇ ਟਿਕਾਊ ਪਾਣੀ ਪ੍ਰਬੰਧਨ ਪ੍ਰਤੀ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਲਈ ਯੂਨੀਵਰਸਿਟੀ ਦੇ ਯਤਨਾਂ ਦੀ ਸ਼ਲਾਘਾ ਕੀਤੀ। ਡਾ ਤੇਜਿੰਦਰ ਰਿਆੜ ਨੇ ਦੱਸਿਆ ਕਿ ਕਿਸਾਨਾਂ ਨਾਲ ਤਕਨੀਕੀ ਗਿਆਨ ਦਾ ਪ੍ਰਸਾਰ ਕਰਨ ਲਈ ਵੱਖ-ਵੱਖ ਪਸਾਰ ਤਕਨੀਕਾਂ ਸਾਂਝੀਆਂ ਕੀਤੀਆਂ।

ਇਸ ਤੋਂ ਉਪਰੰਤ ਉਨ੍ਹਾਂ ਨੇ ਡਾ ਚਰਨਜੀਤ ਸਿੰਘ ਔਲਖ, ਡੀਨ, ਖੇਤੀਬਾੜੀ ਕਾਲਜ, ਅਤੇ ਡਾ. ਹਰੀ ਰਾਮ, ਮੁਖੀ, ਖੇਤੀਬਾੜੀ ਵਿਗਿਆਨ ਵਿਭਾਗ ਨਾਲ ਟਿਕਾਊ ਫਸਲ ਉਤਪਾਦਨ, ਖੇਤੀਬਾੜੀ ਜੰਗਲਾਤ, ਕੁਦਰਤੀ ਸਰੋਤ ਪ੍ਰਬੰਧਨ, ਅਤੇ ਭਵਿੱਖੀ ਖੋਜ ਤਰਜੀਹਾਂ 'ਤੇ ਵਿਚਾਰ-ਵਟਾਂਦਰਾ ਕੀਤਾ।

ਖੇਤੀਬਾੜੀ ਕਾਲਜ ਦੇ ਪਹਿਲੇ ਸਾਲ ਦੇ ਅੰਡਰਗ੍ਰੈਜੂਏਟ ਵਿਦਿਆਰਥੀਆਂ ਅਤੇ ਖੇਤੀਬਾੜੀ ਵਿਗਿਆਨ ਵਿਭਾਗ ਦੇ ਪੋਸਟ ਗ੍ਰੈਜੂਏਟ ਵਿਦਿਆਰਥੀਆਂ ਨਾਲ ਗੱਲਬਾਤ ਦੌਰਾਨ, ਦੋਵਾਂ ਵਿਗਿਆਨੀਆਂ ਨੇ ਆਪਣੇ ਅੰਤਰਰਾਸ਼ਟਰੀ ਤਜਰਬੇ ਸਾਂਝੇ ਕੀਤੇ ਅਤੇ ਨੌਜਵਾਨ ਖੋਜਕਰਤਾਵਾਂ ਨੂੰ ਭੋਜਨ ਸੁਰੱਖਿਆ ਅਤੇ ਵਾਤਾਵਰਣ ਸੰਭਾਲ ਲਈ ਨਵੀਨ ਵਿਧੀਆਂ ਲਈ ਉਤਸ਼ਾਹਿਤ ਕੀਤਾ। ਇਸ ਫੇਰੀ ਨੇ ਪੀ ਏ ਯੂ ਦੀ ਅਕਾਦਮਿਕਤਾ ਨੂੰ ਉਤਸ਼ਾਹਿਤ ਕਰਨ, ਅੰਤਰਰਾਸ਼ਟਰੀ ਭਾਈਵਾਲੀ ਨੂੰ ਉਤਸ਼ਾਹਿਤ ਕਰਨ ਅਤੇ ਵਾਤਾਵਰਣ ਪੱਖੀ ਖੇਤੀਬਾੜੀ ਖੋਜ ਨੂੰ ਅੱਗੇ ਵਧਾਉਣ ਦੀ ਵਚਨਬੱਧਤਾ ਨੂੰ ਉਜਾਗਰ ਕੀਤਾ।

## ਪੰਜਾਬ ਦੇ ਲੋਕ ਸੱਭਿਆਚਾਰ, ਵੰਨ ਸੁਵੰਨਤਾ ਤੇ ਜਨ ਜੀਵਨ ਨੂੰ ਇਤਿਹਾਸਕ ਵਿਰਾਸਤ ਵਾਂਗ ਸੰਭਾਲਣ ਦੀ ਲੋੜ— ਪ੍ਰੋ. ਗੁਰਭਜਨ ਸਿੰਘ ਗਿੱਲ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾਃ 9 ਅਗਸਤ : ਪੰਜਾਬ ਦੇ ਰਾਜ ਸੂਚਨਾ ਕਮਿਸ਼ਨਰ. ਸ. ਹਰਪ੍ਰੀਤ ਸਿੰਘ ਸੰਧੂ ,ਕੌਮੀ ਪ੍ਰਸਿੱਧੀ ਪ੍ਰਾਪਤ ਫ਼ੋਟੋ ਕਲਾਕਾਰ ਤੇਜ ਪ੍ਰਤਾਪ ਸਿੰਘ ਸੰਧੂ ਤੇ ਪੰਜਾਬ ਰਾਜ ਮੰਡੀਕਰਨ ਬੋਰਡ ਦੇ ਉੱਚ ਅਧਿਕਾਰੀ ਵਜੋਂ ਸੇਵਾ ਮੁਕਤ ਹੋਏ ਸ.ਹਰਪ੍ਰੀਤ ਸਿੰਘ ਸਿੱਧੂ ਨੇ ਭਾਰਤ ਦੇ ਕੌਮੀ ਪੰਛੀ ਮੋਰ ਦੀ ਤਸਵੀਰ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੂੰ ਭੇਂਟ ਕੀਤੀ।

ਇਸ ਫੋਟੋ ਦੇ ਕਲਾਕਾਰ ਸ. ਹਰਪ੍ਰੀਤ ਸਿੰਘ ਸੰਧੂ ਨੇ ਦੱਸਿਆ ਕਿ ਕੁਝ ਸਾਲ ਪਹਿਲਾਂ ਉਨ੍ਹਾ ਨੇ ਇਹ ਤਸਵੀਰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਦੇ ਬੋਗਨਵਿਲੀਆ ਬਾਗ਼ ਵਿੱਚ ਖਿੱਚੀ ਸੀ। ਇਹ ਤਸਵੀਰ ਹੁਣ ਤੀਕ ਕਈ ਸੂਬਿਆਂ ਦੇ ਗਵਰਨਰ, ਮੁੱਖ ਮੰਤਰੀ ਤੇ ਮੰਤਰੀ ਸਾਹਿਬਾਨ ਦੇ ਘਰਾਂ ਦਫ਼ਤਰਾਂ ਅਤੇ ਸਰਬ ਸਾਂਝੀਆਂ ਥਾਵਾਂ ਤੇ ਸਸ਼ੋਭਿਤ ਹੋ ਚੁੱਕੀ ਹੈ।

ਇਹ ਤਸਵੀਰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਸੱਟਨ ਹਾਊਸ ਤੋਂ ਇਲਾਵਾ ਕੁਝ ਯੂਨੀਵਰਸਿਟੀਆਂ ਅਤੇ ਸਰਕਾਰੀ ਮਹਿਮਾਨ ਘਰਾਂ ਦਾ ਵੀ ਸ਼ਿੰਗਾਰ ਬਣ ਚੁੱਕੀ ਹੈ। ਭਾਰਤੀ ਸੈਨਾ ਦੀ ਕਸੌਲੀ ਛਾਉਣੀ ਦੇ ਇੱਕ ਪਾਰਕ ਵਿੱਚ ਵੀ ਸੁਭਾਇਮਾਨ ਹੈ। ਧੰਨਵਾਦ ਕਰਦਿਆਂ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਪੰਜਾਬ ਦੇ ਲੋਕ ਸੱਭਿਆਚਾਰ, ਬਨਸਪਤੀ ਵੰਨ ਸੁਵੰਨਤਾ ਅਤੇ ਜਨ ਜੀਵਨ ਨੂੰ ਇਤਿਹਾਸਕ ਵਿਰਾਸਤ ਵਾਂਗ ਸੰਭਾਲਣ ਦੀ ਲੋੜ ਹੈ। ਇਹ ਕਾਰਜ ਹਰਪ੍ਰੀਤ ਸਿੰਘ ਸੰਧੂ ਪਿਛਲੇ 25 ਸਾਲ ਤੋਂ ਪ੍ਰਸ਼ਾਸਨਿਕ ਜ਼ੁੰਮੇਵਾਰੀਆਂ ਨਿਭਾਉਣ ਦੇ ਨਾਲ ਨਾਲ ਲਗਾਤਾਰ ਕਰ ਰਹੇ ਹਨ। ਇਹ ਤੋਹਫ਼ਾ ਪ੍ਰਾਪਤ ਕਰਨਾ ਸਾਉਣ ਮਹੀਨੇ ਦਾ ਸਰਵੋਤਮ ਸੰਧਾਰਾ ਹੈ। ਤਸਵੀਰ ਰਾਹੀਂ ਇਸ ਮੋਰ ਨੇ ਸਾਡੇ ਘਰ ਵੀ ਪੈਰ ਪਾਏ ਹਨ ਜਿਸ ਨਾਲ ਰੰਗਾਂ ਦਾ ਖੇੜਾ ਹਰ ਰੋਜ਼ ਸਾਡੇ ਪਰਿਵਾਰ ਦੇ ਮੱਥੇ ਲੱਗਿਆ ਕਰੇਗਾ।

## ਰਾਜਪੁਰਾ ਬਲਾਕ ਦੇ ਪਿੰਡ ਜੰਡੋਲੀ, ਗੁਰੂ ਅੰਗਦ ਦੇਵ ਕਾਲੋਨੀ ਅਤੇ ਖਰਾਜਪੁਰ ਵਿੱਚ ਦਿਖਾਈ ਗਈ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਸ਼ੇਸ਼ ਦਸਤਾਵੇਜ਼ੀ

ਵਰਲਡ ਪੰਜਾਬੀ ਟਾਈਮਜ਼



ਰਾਜਪੁਰਾ, 09 ਅਗਸਤ : ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਚਲਾਈ ਜਾ ਰਹੀ ਵਿਸ਼ੇਸ਼ ਡਾਕੂਮੈਂਟਰੀ ਮੁਹਿੰਮ ਤਹਿਤ ਪਟਿਆਲਾ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਐਲ.ਈ.ਡੀ. ਸਕਰੀਨਾਂ ਰਾਹੀਂ 30 ਮਿੰਟ ਦੀ ਦਸਤਾਵੇਜ਼ੀ ਦਿਖਾਈ ਗਈ। ਰਾਜਪੁਰਾ ਬਲਾਕ ਦੇ ਪਿੰਡ ਜੰਡੋਲੀ, ਗੁਰੂ ਅੰਗਦ ਦੇਵ ਕਾਲੋਨੀ ਅਤੇ ਖਰਾਜਪੁਰ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਇਸ ਦਾ ਲਾਹਾ ਲਿਆ।

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਤਿਆਰ ਕੀਤੀ ਗਈ ਇਹ ਦਸਤਾਵੇਜ਼ੀ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ, ਫਲਸਫ਼ੇ ਅਤੇ ਸਮਾਨਤਾ, ਸਮਾਜਿਕ ਨਿਆਂ, ਪ੍ਰਭੂ ਭਗਤੀ ਅਤੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਮਹੱਤਵਪੂਰਨ ਉਪਰਾਲਾ ਹੈ। ਇਸ ਮੁਹਿੰਮ ਤਹਿਤ ਜ਼ਿਲ੍ਹੇ ਦੇ ਹਰੇਕ ਪਿੰਡ ਵਿੱਚ ਇਹ ਦਸਤਾਵੇਜ਼ੀ ਦਿਖਾਈ ਜਾ ਰਹੀ ਹੈ ਤਾਂ ਜੋ ਖ਼ਾਸ ਕਰਕੇ ਨੌਜਵਾਨ ਪੀੜ੍ਹੀ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਤੋਂ ਜਾਣੂ ਹੋ ਸਕੇ।

ਦਸਤਾਵੇਜ਼ੀ ਦੇਖਣ ਉਪਰੰਤ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਨੂੰ ਸੱਚੀ ਸ਼ਰਧਾਂਜਲੀ ਹੈ। ਪਿੰਡ ਵਾਸੀਆਂ ਨੇ ਕਿਹਾ ਕਿ ਗੁਰੂ ਸਾਹਿਬ ਦਾ ਸਮਾਨਤਾ, ਭਾਈਚਾਰੇ ਅਤੇ ਭੇਦਭਾਵ ਰਹਿਤ ਸਮਾਜ ਦਾ ਸੰਦੇਸ਼ ਅੱਜ ਵੀ ਉਤਨਾ ਹੀ ਪ੍ਰਸੰਗਿਕ ਹੈ ਅਤੇ ਅਜਿਹੀਆਂ ਪਹਿਲਕਦਮੀਆਂ ਨਵੀਂ ਪੀੜ੍ਹੀ ਨੂੰ ਉਨ੍ਹਾਂ ਦੇ ਆਦਰਸ਼ਾਂ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਣਗੀਆਂ। ਇਸ ਮੌਕੇ ਪਿੰਡਾਂ ਦੇ ਪੰਚਾਇਤੀ ਨੁਮਾਇੰਦੇ, ਸਮਾਜ ਸੇਵੀ, ਧਾਰਮਿਕ ਸ਼ਖ਼ਸੀਅਤਾਂ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।


## ਰਾਜ ਦੇ ਕ੍ਰਿਸ਼ਮੇ ਨੂੰ ਕਦੋਂ ਸਮਝਣਗੇ ਸਿੱਖ...?



ਵਰਲਡ ਪੰਜਾਬੀ ਟਾਈਮਜ਼
ਰਣਜੀਤ ਸਿੰਘ ਦਮਦਮੀ ਟਕਸਾਲ

ਪਤਾ ਨਹੀਂ ਸਾਡੇ ਸਿੱਖ ਜੋ ਰਾਜ ਦੀ ਤਾਕਤ, ਸ਼ਕਤੀ ਅਤੇ ਕ੍ਰਿਸ਼ਮੇ ਨੂੰ ਕਦੋਂ ਸਮਝਣਗੇ! ਜਿਹੜੇ ਸਮੇਂ 'ਚ ਸ਼੍ਰੋਮਣੀ ਕਮੇਟੀ ਹੋਂਦ 'ਚ ਆਈ, ਓਦੋਂ ਕੁ ਹੀ ਆਰ ਐਸ ਐਸ ਬਣੀ ਸੀ। ਪਰ ਅੱਜ ਸ਼੍ਰੋਮਣੀ ਕਮੇਟੀ ਦੇ ਹਾਲਾਤ ਬਦਤਰ ਨੇ, ਤੇ ਆਰ ਐਸ ਐਸ ਬੇਹੱਦ ਮਜ਼ਬੂਤ ਹੋ ਚੁੱਕੀ ਹੈ। ਸਿੱਧਾ ਜਿਹਾ ਕਾਰਨ ਹੈ ਕਿ 1947 'ਚ ਹਿੰਦੂਆਂ ਦੇ ਹੱਥ ਤਾਕਤ ਆ ਗਈ, ਹਿੰਦੁਸਤਾਨ ਅਜ਼ਾਦ ਹੋ ਗਿਆ ਤੇ ਸਿੱਖ 1849 'ਚ ਖੁੱਸਿਆ ਰਾਜ ਮੁੜ ਪ੍ਰਾਪਤ ਨਹੀਂ ਕਰ ਸਕੇ, ਉਲ਼ਟਾ ਭਾਰਤ ਦੀ ਅਜ਼ਾਦੀ ਸਮੇਂ ਪੰਜਾਬ ਦੋ ਹਿੱਸਿਆਂ 'ਚ ਵੰਡਿਆ ਗਿਆ ਤੇ ਗੋਰਿਆਂ ਦੀ ਗ਼ੁਲਾਮੀ 'ਚੋਂ ਨਿਕਲ ਕੇ ਸਿੱਖ, ਹਿੰਦੂਤਵ ਦੀ ਗ਼ੁਲਾਮੀ 'ਚ ਫਸ ਗਏ।

ਰਾਜ ਦੀ ਤਾਕਤ ਨਾਲ ਆਰ ਐਸ ਐਸ ਨੇ ਦਿਨੋਂ-ਦਿਨ ਆਪਣੀ ਤਾਕਤ-ਸ਼ਕਤੀ ਵਧਾਈ। ਉਹਨਾਂ ਨੇ ਕਾਇਰ ਤੇ ਡਰਪੋਕ ਹਿੰਦੂਆਂ 'ਚ ਹਿੰਦੂ ਜਜ਼ਬਾ ਪੈਦਾ ਕੀਤਾ ਤੇ ਸਿੱਖਾਂ ਸਮੇਤ ਘੱਟ-ਗਿਣਤੀ ਕੌਮਾਂ ਨੂੰ ਕੁਚਲਿਆ। ਸਿੱਖਾਂ ਦੇ ਗੁਰਦੁਆਰੇ ਢਾਹੇ, ਸਿਰਕੱਢ ਜਰਨੈਲ ਸ਼ਹੀਦ ਕੀਤੇ, ਸੰਘਰਸ਼ੀ ਯੋਧੇ ਜੇਲ੍ਹਾਂ 'ਚ ਤਾੜੇ, ਸੰਸਥਾਵਾਂ ਨੂੰ ਤਬਾਹ ਕੀਤਾ ਅਤੇ ਧਾਰਮਿਕ ਤੇ ਸਿਆਸੀ ਆਗੂਆਂ ਨੂੰ ਆਪਣੇ ਅਧੀਨ ਕਰ ਲਿਆ।




ਭਾਰਤ ਦੀ ਸੱਤਾ ਉੱਤੇ ਅੱਜ ਆਰ ਐਸ ਐਸ ਕਾਬਜ ਹੈ, ਆਰ ਐਸ ਐਸ ਦੇ ਸਿਆਸੀ ਵਿੰਗ ਭਾਰਤੀ ਜਨਤਾ ਪਾਰਟੀ ਦੀ ਲਗਾਤਾਰ ਤਿੰਨ ਵਾਰ ਕੇਂਦਰ 'ਚ ਸਰਕਾਰ ਬਣ ਚੁੱਕੀ ਹੈ। ਭਾਵੇਂ ਕਿ ਸਿੱਖਾਂ ਦੀ ਰਾਜਸੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਨੇ ਵੀ ਪੰਜਾਬ 'ਚ ਕਈ ਵਾਰ ਸਰਕਾਰਾਂ ਬਣਾਈਆਂ ਪਰ ਇਹ ਕੇਂਦਰ 'ਚ ਬੈਠੇ ਹਿੰਦੂ ਹਾਕਮਾਂ ਦੇ ਰਹਿਮੋ-ਕਰਮ 'ਤੇ ਹੀ ਰਹੀਆਂ।

ਸੰਨ 1995 ਤੋਂ ਪਹਿਲਾਂ ਬਣੀਆਂ ਅਕਾਲੀ ਦਲ ਦੀਆਂ ਸਰਕਾਰਾਂ ਨੂੰ ਤਾਂ ਭਾਰਤੀ ਹਾਕਮ ਭੰਗ ਕਰ ਦਿੰਦੇ ਰਹੇ, ਤੇ ਜਦੋਂ ਪ੍ਰਕਾਸ਼ ਸਿੰਘ ਬਾਦਲ ਨੇ 1996 ਵਿੱਚ ਭਾਜਪਾ ਨਾਲ ਸਮਝੌਤਾ ਕਰ ਲਿਆ ਤਾਂ ਸੰਘੀਆਂ ਦੇ ਸਹਿਯੋਗ ਨਾਲ ਬਣੀਆਂ ਅਕਾਲੀ ਦਲ ਦੀਆਂ ਸਰਕਾਰਾਂ ਸਿੱਖ ਕੌਮ ਤੇ ਪੰਜਾਬ ਲਈ ਕੁਝ ਨਾ ਕਰ ਸਕੀਆਂ।

ਹਾਲਾਂਕਿ ਬਾਦਲ ਪਰਿਵਾਰ ਤੇ ਹੋਰ ਅਖੌਤੀ ਅਕਾਲੀ ਆਗੂਆਂ ਨੇ ਆਪਣੀਆਂ ਨਿੱਜੀ ਜਾਇਦਾਦਾਂ ਤਾਂ ਬਥੇਰੀਆਂ ਬਣਾ ਲਈਆਂ, ਵਿਕਾਸ ਦੀਆਂ ਗੱਲਾਂ ਕਰਕੇ ਪੰਥਕ ਹੱਕਾਂ ਤੇ ਕੌਮੀ ਅਜ਼ਾਦੀ ਦੇ ਸੰਘਰਸ਼ ਦਾ ਵੀ ਭੋਗ ਪਾਇਆ, 'ਰਾਜ ਨਹੀਂ ਸੇਵਾ' ਦੇ ਨਾਂ ਹੇਠ ਰੱਜ ਕੇ ਪੰਜਾਬ ਨੂੰ ਲੁੱਟਿਆ-ਕੁੱਟਿਆ, ਕਿਸਾਨੀ ਨੂੰ ਖ਼ੁਦਕੁਸ਼ੀਆਂ ਦੇ ਰਾਹ ਅਤੇ ਨੌਜਵਾਨੀ ਨੂੰ ਨਸ਼ਿਆਂ ਦੇ ਰਾਹ 'ਤੇ ਪਾ ਦਿੱਤਾ। ਬਾਦਲਾਂ ਨੂੰ ਇਹ ਫ਼ਿਕਰ ਪਿਆ ਰਹਿੰਦਾ ਸੀ ਕਿ ਆਰ ਐਸ ਐਸ, ਹਿੰਦੂਤਵੀਏ ਤੇ ਭਾਜਪਾ ਨਹੀਂ ਨਰਾਜ਼ ਹੋਣੀ ਚਾਹੀਦੀ, ਸਿੱਖ ਭਾਵੇਂ ਮਾਰਨੇ-ਕੁੱਟਣੇ ਪੈਣ।

ਬਾਦਲਾਂ ਨੇ ਸ਼੍ਰੋਮਣੀ ਅਕਾਲੀ ਦਲ ਦਾ ਪੰਥਕ ਸਰੂਪ ਵਿਗਾੜ ਦਿੱਤਾ, ਸ਼੍ਰੋਮਣੀ ਕਮੇਟੀ ਨੂੰ ਸਿੱਖ ਕੌਮ ਦੇ ਸੁਨਹਿਰੇ ਭਵਿੱਖ ਲਈ ਕੋਈ ਸੁਚੱਜਾ ਕੰਮ ਨਾ ਕਰਨ ਦਿੱਤਾ, ਜਥੇਦਾਰਾਂ-ਪ੍ਰਧਾਨਾਂ ਨੂੰ ਆਪਣੇ ਸਿਆਸੀ ਮੁਫ਼ਾਦਾਂ ਲਈ ਵਰਤਿਆ, ਬਾਬੇ ਧੁੰਮੇ ਨੂੰ ਵੀ ਪਟਾਰੀ 'ਚ ਪਾ ਕੇ ਦਮਦਮੀ ਟਕਸਾਲ ਰੋਲ ਦਿੱਤੀ, ਚੀਫ਼ ਖ਼ਾਲਸਾ ਦੀਵਾਨ 'ਤੇ ਵੀ ਕਬਜ਼ਾ ਕੀਤਾ, ਖ਼ਾਲਸਾ ਪੰਥ ਦੀ ਜੰਗੀ ਫ਼ੌਜ ਬੁੱਢਾ ਦਲ ਤੇ ਤਰਨਾ ਦਲ ਨੂੰ ਵੀ ਇਸੇ ਚੱਕਰ 'ਚ ਪਾਈ ਰੱਖਿਆ ਕਿ ਹੁਣ ਸੰਘਰਸ਼ ਤੇ ਜੰਗਾਂ ਕਰਨ ਦੀ ਕੀ ਲੋੜ ਹੈ, ਪੰਜਾਬ ਵਿੱਚ ਤਾਂ ਆਪਣੀ ਪੰਥਕ ਸਰਕਾਰ ਹੈ।

ਬਾਦਲ ਨੇ ਸ਼ਹੀਦ ਭਾਈ ਅਮਰੀਕ ਸਿੰਘ ਜੀ ਦੀ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਵੀ ਕਈ ਧੜਿਆਂ 'ਚ ਵੰਡਵਾ ਦਿੱਤਾ ਤੇ ਇਹਨਾਂ ਇੱਕ ਦਰਜ਼ਨ ਪ੍ਰਧਾਨਾਂ ਦੇ ਅੱਗੇ ਸ਼੍ਰੋਮਣੀ ਕਮੇਟੀ ਦੀ ਮੈਂਬਰੀ, ਚੇਅਰਮੈਨੀ ਤੇ ਵਿਧਾਇਕ ਬਣਨ ਦੀਆਂ ਬੁਰਕੀਆਂ ਸੁੱਟ ਦਿੱਤੀਆਂ ਤੇ ਮੱਤ ਦਿੱਤੀ ਕਿ "ਮੁੰਡਿਓ! ਛੱਡ ਦਿਓ ਸੰਤ ਜਰਨੈਲ ਸਿੰਘ ਵਾਲਾ ਰਾਹ, ਸਰਕਾਰ 'ਚ ਆਓ ਕੁਰਸੀਆਂ ਮਾਣੋ, ਐਸ਼ਾਂ ਕਰੋ ਤੇ ਨਜ਼ਾਰੇ ਲਵੋ, ਐਵੇਂ ਨਾਹਰੇ ਲਾ ਕੇ ਪੁਲਿਸ ਦੀਆਂ ਕੁੱਟਾਂ ਖਾਂਦੇ ਫਿਰਦੇ ਓ।"

ਹਾਲਾਤ ਏਦਾਂ ਦੇ ਬਣਾਏ ਗਏ ਕਿ ਕੌਮੀ ਸੋਚ ਨੂੰ ਤਿਆਗੋ ਤੇ 'ਦਿੱਲੀ ਦੇ ਬੀਬੇ ਪੁੱਤ' ਬਣ ਕੇ ਰਹੋ, ਗਰਮ ਗੱਲਾਂ ਬੰਦ ਕਰੋ। ਗਲ 'ਚ ਪਵਾਓ ਸ਼ੇਰਾਂ ਵਾਲੀ ਮਾਤਾ ਦੀਆਂ ਚੁੰਨੀਆਂ ਤੇ ਜਗਰਾਤਿਆਂ ਵਿੱਚ ਭੇਟਾ ਗਾ ਕੇ ਹਿੰਦੂਆਂ ਨੂੰ ਅਹਿਸਾਸ ਕਰਾਓ ਕਿ "ਸਾਡੇ ਵਿੱਚੋਂ ਸਿੱਖੀ ਮੁੱਕ ਚੁੱਕੀ ਹੈ, ਸਾਨੂੰ ਕੇਸਾਧਾਰੀ ਹਿੰਦੂ ਸਮਝੋ, ਅਸੀਂ ਤਿਲਕ ਲਵਾਉਣ ਨੂੰ, ਸ਼ਿਵਲਿੰਗ ਪੂਜਣ ਨੂੰ, ਪੱਗਾਂ ਉਤੇ ਮੁਕਟ ਪਹਿਨਣ ਨੂੰ, ਮਤਲਬ ਤੁਹਾਡੇ ਲਈ ਸਭ ਕੁਝ ਕਰਨ ਨੂੰ ਤਿਆਰ ਹਾਂ।

ਫਿਰ ਕੀ ਸੀ, ਭੁੱਲ ਗਿਆ ਸਿੱਖ ਵੱਖਰੀ ਕੌਮ ਦਾ ਨਾਹਰਾ, ਸ੍ਰੀ ਅਨੰਦਪੁਰ ਸਾਹਿਬ ਦਾ ਮਤਾ, ਜੇਲ੍ਹਾਂ 'ਚ ਕੈਦ ਬੰਦੀ ਸਿੰਘ, ਖੋਹੇ ਹੋਏ ਪੰਜਾਬੀ ਬੋਲਦੇ ਇਲਾਕੇ, ਦਰਿਆਈ ਪਾਣੀਆਂ ਦੀ ਲੁੱਟ, ਚੰਡੀਗੜ੍ਹ ਰਾਜਧਾਨੀ, ਵੱਧ ਅਧਿਕਾਰਾਂ ਦੀ ਗੱਲ, ਸ੍ਰੀ ਦਰਬਾਰ ਸਾਹਿਬ 'ਤੇ ਹਮਲਾ, ਝੂਠੇ ਪੁਲਿਸ ਮੁਕਾਬਲੇ, ਨਵੰਬਰ 1984 ਦੀ ਨਸਲਕੁਸ਼ੀ ਅਤੇ ਪੰਥ ਤੇ ਪੰਜਾਬ ਦੇ ਹੋਰ ਮੁੱਦੇ।

ਫਿਰ ਤਾਂ ਬਾਦਲਕਿਆਂ ਨਾਲ ਗੁਰੂ ਸਾਹਿਬਾਨਾਂ ਦੀਆਂ ਸ਼ਤਾਬਦੀ ਦਿਹਾੜਿਆਂ ਉਤੇ ਭਾਜਪਾ/ਆਰ ਐਸ ਐਸ ਦੇ ਆਗੂ ਮੋਹਰੇ ਹੋ ਕੇ ਬੈਠੇ ਹੁੰਦੇ ਸੀ ਅਤੇ ਸਰਦਾਰ ਸਿਮਰਨਜੀਤ ਸਿੰਘ ਮਾਨ, ਭਾਈ ਦਲਜੀਤ ਸਿੰਘ ਬਿੱਟੂ, ਭਾਈ ਸਤਨਾਮ ਸਿੰਘ ਪਾਉਂਟਾ ਸਾਹਿਬ, ਭਾਈ ਸਰਬਜੀਤ ਸਿੰਘ ਘੁਮਾਣ, ਭਾਈ ਮੋਹਕਮ ਸਿੰਘ, ਭਾਈ ਬਲਵੰਤ ਸਿੰਘ ਗੋਪਾਲਾ ਆਦਿ ਪੰਥਕ ਸਿੰਘਾਂ ਦੇ ਡਾਂਗਾਂ ਮਾਰਨ, ਤਸ਼ੱਦਦ ਕਰਨ ਲਈ ਅਖੌਤੀ ਅਕਾਲੀ ਆਗੂ ਅਤੇ ਸ਼੍ਰੋਮਣੀ ਕਮੇਟੀ ਦੀ ਗੁੰਡਾ ਫੋਰਸ ਹੀ ਤਿਆਰ ਬਰ ਤਿਆਰ ਖੜ੍ਹੀ ਹੁੰਦੀ ਸੀ।

ਭਾਜਪਾ ਵਾਲੇ ਬਾਦਲਕਿਆਂ ਦੇ ਸਾਹਮਣੇ ਸਿੱਖ ਗੁਰੂਆਂ ਅਤੇ ਸ਼ਹੀਦਾਂ-ਯੋਧਿਆਂ ਨੂੰ ਹਿੰਦੂ ਆਖ ਜਾਂਦੇ ਸਨ, ਰੱਜ ਕੇ ਤ੍ਰਿਸਕਾਰ ਕਰਦੇ ਸਨ, ਇਤਿਹਾਸ ਵਿਗਾੜ ਜਾਂਦੇ ਸਨ ਪਰ ਮਜ਼ਾਲ ਹੈ ਕਿ ਅਕਾਲੀਆਂ ਵਿੱਚੋਂ ਕੋਈ ਬੋਲ ਜਾਵੇ, ਜੇ ਸੰਗਤ ਵਿੱਚ ਬੈਠਾ ਕੋਈ ਗੁਰੂ ਕਾ ਸਿੰਘ ਉੱਠ ਕੇ ਰੋਸ ਜਿਤਾਉਣ ਲੱਗਦਾ ਤਾਂ ਕਹਿੰਦੇ-ਕਹਾਉਂਦੇ ਅਕਾਲੀਆਂ ਵਿੱਚ ਵੀ ਬੁੱਚੜ ਪੁਲਸੀਆਂ ਦੀ ਬਦਕਾਰ ਰੂਹ ਆ ਜਾਂਦੀ ਸੀ।

ਭਾਜਪਾ ਦੇ ਪਿੱਛੇ ਲੱਗ ਕੇ ਅਖੌਤੀ ਅਕਾਲੀਆਂ ਨੇ ਪੰਥ ਨਾਲ ਵਿਗਾੜ ਲਈ, ਇੱਕ-ਇੱਕ ਕਰਕੇ ਪੰਥ ਦੀਆਂ ਸੰਸਥਾਵਾਂ ਨੂੰ ਤਹਿਸ-ਨਹਿਸ ਕੀਤਾ। ਪੁਰਾਤਨ ਅਕਾਲੀ ਸਿਰਫ਼ ਇਤਿਹਾਸ ਦੀਆਂ ਕਿਤਾਬਾਂ ਵਿੱਚ ਰਹਿ ਗਏ ਜੋ ਸਿੱਖੀ ਰੰਗ ਵਿੱਚ ਰੰਗੇ ਹੋਏ ਸਨ ਜਿਨ੍ਹਾਂ ਨੂੰ ਪੰਥ ਲਈ ਜੂਝ ਮਰਨ ਦਾ ਚਾਅ ਹੁੰਦਾ ਸੀ ਤੇ ਹੁਣ ਵਾਲੇ ਅਕਾਲੀਆਂ ਵਿੱਚ ਤਾਂ ਹਿੰਦੂਤਵ ਬੋਲਦਾ ਹੈ ਤੇ ਗੰਧਲੀ ਸਿਆਸਤ ਦੀ ਬੋਅ ਆਉਂਦੀ ਹੈ।

ਕਦੀ ਸੋਚਿਓ ਕਿ ਸਾਡੇ ਕੋਲ ਦਮਦਮੀ ਟਕਸਾਲ, ਬੁੱਢਾ ਦਲ, ਤਰਨਾ ਦਲ, ਸ਼੍ਰੋਮਣੀ ਕਮੇਟੀ, ਅਕਾਲੀ ਦਲ, ਚੀਫ਼ ਖਾਲਸਾ ਦੀਵਾਨ, ਨਾਨਕਸਰੀਏ, ਅਖੰਡ ਕੀਰਤਨੀ ਜਥਾ ਅਤੇ ਹੋਰ ਬੇਸ਼ੁਮਾਰ ਸੰਸਥਾਵਾਂ ਹੋਣ ਦੇ ਬਾਵਜੂਦ ਵੀ ਅਸੀਂ ਖ਼ੁਆਰ ਕਿਉਂ ਹੋ ਰਹੇ ਹਾਂ!


ਤੁਹਾਡੇ ਸਾਹਮਣੇ ਇੱਕ ਗੱਲ ਸਹਿਜੇ ਆਵੇਗੀ ਕਿ ਅਸੀਂ ਗ਼ੁਲਾਮ ਹਾਂ ਤੇ ਰਾਜ ਤੋਂ ਬਿਨਾਂ ਕੌਮਾਂ ਦੀ ਇਸੇ ਤਰ੍ਹਾਂ ਬੇਕਦਰੀ ਹੁੰਦੀ ਹੈ। ਹਰ ਸਿੱਖ ਨੂੰ ਖ਼ਾਲਸਾ ਰਾਜ ਦੀ ਪ੍ਰਾਪਤੀ ਲਈ ਸੰਘਰਸ਼ਸ਼ੀਲ ਹੋਣਾ ਚਾਹੀਦਾ ਹੈ, ਏਹੀ ਸਾਡੀਆਂ ਸਮੱਸਿਆਵਾਂ ਤੇ ਮੁਸ਼ਕਿਲਾਂ ਦਾ ਹੱਲ ਹੈ।

ਆਰ ਐਸ ਐਸ ਨੇ ਤਾਂ ਕੋਈ ਕੁਰਬਾਨੀ ਨਹੀਂ ਕੀਤੀ, ਸ਼ਹਾਦਤ ਨਹੀਂ ਦਿੱਤੀ, ਉਸ ਕੋਲ ਮਹਾਨ ਵਿਰਸਾ ਅਤੇ ਸ਼ਾਨਾਮੱਤਾ ਇਤਿਹਾਸ ਵੀ ਨਹੀਂ ਹੈ ਤੇ ਨਾ ਹੀ ਕੋਈ ਉੱਚ-ਪੱਧਰੀ ਸਰਬੱਤ ਦੇ ਭਲੇ ਤੇ ਸਾਂਝੀਵਾਲਤਾ ਵਾਲੀ ਵਿਚਾਰਧਾਰਾ ਹੈ ਪਰ ਇਸ ਦੇ ਬਾਵਜੂਦ ਵੀ ਉਹ ਕਾਮਯਾਬ ਹੈ ਕਿਉਂਕਿ 'ਜੀਹਦੀ ਕੋਠੀ ਦਾਣੇ ਓਹਦੇ ਕਮਲੇ ਵੀ ਸਿਆਣੇ।

' ਪਰ ਸਿੱਖ ਕੌਮ ਕੋਲ ਸਭ ਕੁਝ ਹੋਣ ਦੇ ਬਾਵਜੂਦ ਵੀ ਅਸੀਂ ਰੁਲਦੇ-ਫਿਰਦੇ ਹਾਂ। "ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੇ।" ਜੇ ਰਾਜ ਹੈ ਤਾਂ ਧਰਮ ਤੇ ਸਮਾਜ ਸੁਰੱਖਿਅਤ ਹੈ, ਜੇ ਰਾਜ ਨਹੀਂ ਤਾਂ ਸਭ ਕੁਝ ਦਾਅ ਉਤੇ ਲੱਗਾ ਰਹੇਗਾ।

## ਸਤਰੰਗੀ ਪੀਂਘ ਵਰਗੀ ਹੈ ਬਾਬੂ ਰਜਬ ਅਲੀ ਦੀ ਕਵੀਸ਼ਰੀ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ


(10.8.1894-6.6.1979)

ਮਾਲਵਾ ਦੇਸ਼ ਸ਼ਬਦ ਤੁਹਾਨੂੰ ਭਾਵੇਂ ਓਪਰਾ ਲੱਗੇ, ਪਰ ਇਸ ਖਿੱਤੇ ਦੀ ਨਿਵੇਕਲੀ ਕਾਵਿ ਪਰੰਪਰਾ ਦੇ ਇਤਿਹਾਸ ਵਿੱਚ ਇਸ ਧਰਤੀ ਨੂੰ ਦੇਸ਼ ਦਾ ਨਾਮ ਹੀ ਪੁਰਖਿਆ ਨੇ ਦਿੱਤਾ ਹੈ। 'ਜੰਗਲ ਦੇਸ਼ ਨਾ ਵਿਆਹੀਂ ਮੇਰੀ ਮਾਂ' ਵਾਲਾ ਰੁਦਨ ਕਰਨ ਵਾਲੀ ਧੀ ਅਤੇ ਉਸ ਧੀ ਦੇ ਵੀਰਾਂ, ਬਾਬੁਲਾਂ ਦੀ ਵੇਦਨਾ ਨੂੰ ਇਥੋਂ ਦੀ ਲੋਕ ਕਾਵਿ ਪਰੰਪਰਾ ਵਿੱਚੋਂ ਸਭ ਤੋਂ ਖੂਬਸੂਰਤ ਢੰਗ ਨਾਲ ਕਵੀਸ਼ਰੀ ਨੇ ਸੰਭਾਲਿਆ ਹੈ। ਮਾਲਵੇ ਦੀ ਕਵੀਸ਼ਰੀ ਪਰੰਪਰਾ ਬਾਰੇ ਜਾਣਕਾਰੀ ਗ੍ਰਹਿਣ ਕਰਦਿਆਂ ਮੈਨੂੰ ਹਰ ਵਾਰ ਇਸ ਤਰ੍ਹਾਂ ਲੱਗਦਾ ਹੈ, ਜਿਵੇਂ ਮੈਂ ਬੱਦਲ ਵਰ੍ਹਨ ਮਗਰੋਂ ਅੰਬਰੀਂ ਪਈ ਸਤਰੰਗੀ ਪੀਂਘ ਨੂੰ ਨਿਹਾਰ ਰਿਹਾ ਹੋਵਾਂ। ਕਵੀਸ਼ਰੀ ਚਾਹੇ ਮਹਿਰਾਜ਼ ਵਾਲੇ ਭਾਈ ਭਗਵਾਨ ਸਿੰਘ ਦੀ ਹੋਵੇ ਜਾਂ ਕਰਨੈਲ ਸਿੰਘ ਪਾਰਸ ਰਾਮੂਵਾਲੀਏ ਦੀ, ਕਿਸ਼ੋਰ ਚੰਦ ਬੱਦੋਵਾਲੀਏ ਦੀ ਕਿੱਸਾਕਾਰੀ ਦੇ ਸਮਾਨ-ਅੰਤਰ ਤੁਰਦੀ ਬਾਬੂ ਰਜਬ ਅਲੀ ਦੀ ਕਵੀਸ਼ਰੀ, ਮੈਨੂੰ ਹਮੇਸ਼ਾ ਮੰਤਰ ਮੁਗਧ ਕਰਦੀ ਰਹੀ ਹੈ। ਬਾਬੂ ਰਜਬ ਅਲੀ ਦੀ ਸ਼ਾਇਰੀ ਤੋਂ ਮੈਂ ੧੯੭੩ ਵਿੱਚ ਪਹਿਲੀ ਵਾਰ ਵਾਕਿਫ ਹੋਇਆ ਸਾਂ। ਲੁਧਿਆਣੇ ਰਹਿੰਦੇ ਵਿਦਵਾਨ ਡਾ. ਆਤਮ ਹਮਰਾਹੀ ਅਤੇ ਕੋਟ ਕਪੂਰੇ ਵਾਲੇ ਵੀਰ ਡਾ. ਰੁਲੀਆ ਸਿੰਘ ਸਿੱਧੂ ਦੇ ਸਾਂਝੇ ਯਤਨਾਂ ਸਦਕਾ ਗੁਰਦੇਵ ਸਿੰਘ ਸਾਹੋਕੇ ਵਾਲਿਆਂ ਦੇ ਕਵੀਸ਼ਰੀ ਜਥੇ ਪਾਸੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਅੰਮ੍ਰਿਤਸਰ ਵਿੱਚ ਬਾਬੂ ਰਜਬ ਅਲੀ ਦੀ ਲਿਖੀ ਕਵੀਸ਼ਰੀ ਨੇ ਵੰਨ-ਸੁਵੰਨੇ ਰੰਗ ਪੇਸ਼ ਕੀਤੇ। ਪੰਜਾਬ ਦੇ ਮੁੱਖ ਮੰਤਰੀ ਵਜੋਂ ਗਿਆਨੀ ਜ਼ੈਲ ਸਿੰਘ ਅਤੇ ਉਘੇ ਵਿਦਵਾਨ ਡਾ. ਅਤਰ ਸਿੰਘ ੧੯੭੫ ਵਿੱਚ ਪਾਕਿਸਤਾਨ ਫੇਰੀ ਦੌਰਾਨ ਬਾਬੂ ਰਜਬ ਅਲੀ ਨੂੰ ਮਿਲੇ। ਕੁਝ ਮਹੀਨਿਆਂ ਬਾਅਦ ਰਜਬ ਅਲੀ ਸਾਨੂੰ ਅਲਵਿਦਾ ਕਹਿ ਗਏ।

'ਕੋਈ ਦੇਸ਼ ਪੰਜਾਬੋਂ ਸੋਹਣਾ ਨਾ' ਲਿਖਣ ਵਾਲਾ ਬਾਬੂ ਰਜਬ ਅਲੀ ਆਪਣੇ ਪੰਜਾਬ ਦੀ ਹੱਦ ਮਾਲਵਾ ਦੇਸ਼ ਨੂੰ ਹੀ ਮੰਨਦਾ ਹੈ, ਕਿਉਂਕਿ ਨਹਿਰੀ ਮਹਿਕਮੇ ਦੀ ਮੁਲਾਜ਼ਮਤ ਕਰਦਿਆਂ ਉਹ ਇਸ ਧਰਤੀ ਦੇ ਚੱਪੇ-ਚੱਪੇ ਦਾ ਜਾਣੂੰ ਹੋ ਗਿਆ ਸੀ। ਇਥੋਂ ਦੀ ਸਮਾਜਿਕ, ਆਰਥਿਕ, ਧਾਰਮਿਕ ਅਤੇ ਭਾਈਚਾਰਕ ਮਰਿਆਦਾ ਬਾਰੇ ਉਸ ਦੀਆਂ ਬਾਰੀਕ-ਬੀਨੀ ਵਾਲੀਆਂ ਟਿੱਪਣੀਆਂ ਉਸ ਦੇ ਕਲਾਮ ਵਿੱਚੋ ਲੱਭੀਆਂ ਜਾ ਸਕਦੀਆਂ ਹਨ। ਭਾਸ਼ਾ ਵਿਭਾਗ ਪੰਜਾਬ ਨੇ ਬਾਬੂ ਰਜਬ ਅਲੀ ਦਾ ਚੋਣਵਾਂ ਕਲਾਮ ਛਾਪਿਆ ਹੈ ਅਤੇ ਡਾ. ਆਤਮ ਹਮਰਾਹੀ ਨੇ ਵੀ ਬਾਬੂ ਰਜਬ ਅਲੀ ਦੇ ਕਲਾਮ ਨੂੰ ਸੰਪਾਦਤ ਕੀਤਾ ਹੈ। ਹੁਣ ਪਿਛਲੇ ਕੁਝ ਸਾਲਾਂ ਤੋਂ ਪੱਕਾ ਕਲਾਂ ਦੇ ਵਸਨੀਕ ਕਵੀਸ਼ਰ ਸੁਖਵਿੰਦਰ ਸਿੰਘ ਸੁਤੰਤਰ ਨੇ ਬਾਬੂ ਰਜਬ ਅਲੀ ਦੇ ਕਲਾਮ ਨੂੰ ਸੰਪਾਦਤ ਕਰਨ ਦਾ ਬੀੜਾ ਚੁੱਕਿਆ ਹੈ। ਸੰਗਮ ਪਬਲੀਕੇਸ਼ਨ ਸਮਾਣਾ ਵੱਲੋਂ ਹੁਣ ਤੀਕ ਉਹ ਰੰਗੀਲਾ ਰਜਬ ਅਲੀ, ਬਾਬੂ ਰਜਬ ਅਲੀ ਦੇ ਕਿੱਸੇ, ਦਸਮੇਸ਼ ਮਹਿਮਾ, ਅਣਖੀਲਾ ਰਜਬ ਅਲੀ, ਅਨਮੋਲ ਰਜਬ ਅਲੀ, ਅਨੋਖਾ ਰਜਬ ਅਲੀ, ਅਨੂਠਾ ਰਜਬ ਅਲੀ ਅਤੇ ਅਲਬੇਲਾ ਰਜਬ ਅਲੀ ਨਾਂ ਦੀਆਂ ਕਿਤਾਬਾਂ ਸੰਪਾਦਿਤ ਕਰ ਚੁੱਕਾ ਹੈ।

ਰਜਬ ਅਲੀ ਦੇ ਕਲਾਮ ਦਾ ਇਕ ਹੋਰ ਸੰਗ੍ਰਹਿ ਕਵੀਸ਼ਰ ਸੁਖਵਿੰਦਰ ਸਿੰਘ ਸੁਤੰਤਰ ਨੇ ਤਿਆਰ ਕੀਤਾ ਹੈ। ਇਸ ਵਿੱਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ, ਕਿੱਸਾ ਜੰਗ ਮਹਾਂਭਾਰਤ, ਬਹਾਦਰੀ ਕਿੱਸਾ ਬੀਬੀ ਹਰਨਾਮ ਕੌਰ, ਕਿੱਸਾ ਹਰਫੂਲ ਸਿੰਘ ਸੂਰਮਾ, ਕਿੱਸਾ ਕਲੀਆਂ ਵਾਲੀ ਹੀਰ ਸ਼ਾਮਲ ਹਨ। ਬਾਬੂ ਰਜਬ ਅਲੀ ਇਨ੍ਹਾਂ ਪ੍ਰਸੰਗਾਂ ਨੂੰ ਪੇਸ਼ ਕਰਨ ਲੱਗਾ ਲੋਕ ਧਾਰਾ ਦਾ ਪੱਲਾ ਨਹੀਂ ਛੱਡਦਾ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਪ੍ਰਸੰਗ ਲਿਖਣ ਲੱਗਿਆਂ ਉਹ ਲੋਕ ਧਾਰਾਈ ਹਵਾਲਿਆਂ ਨੂੰ ਮਾਹੌਲ ਉਸਾਰਨ ਵਿੱਚ ਖੂਬ ਵਰਤਦਾ ਹੈ। ਦੂਸਰੇ ਹੀ ਬੰਦ ਵਿੱਚ ਉਸ ਦਾ ਅੰਦਾਜ਼ ਵੇਖੋ :

ਚੰਦੂ ਮਗਰ ਹਕੂਮਤ ਤੇ ਅਫਰੇਵਾਂ ਧਨ ਦਾ ਹੈ।
ਗੁਰ ਨੂੰ ਦੱਸਦਾ ਮੋਰੀ ਆਪ ਚੁਬਾਰਾ ਬਣਦਾ ਹੈ।
ਛੱਡ ਕੇ ਮੰਗ ਫਰਜ਼ੰਦ ਦੀ ਬਹੁਤੀ ਕਰੀ ਦਲੇਰੀ ਗਏ।
ਤਪਦੀ ਤਵੀ ਤੇ ਗੁਰੂ ਅਰਜਨ ਬਹਿ ਕੇ ਮਾਲਾ ਫੇਰੀ ਗਏ।
ਕੇਸੀਂ ਗਰਮ ਬਰੇਤੀ ਗੇਰਨ ਸਿਖ਼ਰ ਦੁਪੈਰਿਆਂ ਨੂੰ।
ਦਿਲ ਠਰਦਾ ਹਿੱਕ ਤਪਦੀ ਲੱਗਦਾ ਸੇਕ ਮੁਛੈਰਿਆਂ ਨੂੰ।
ਬਲਿਹਾਰੇ ਹਿੱਕ ਕੱਢ ਕੇ ਰੋਕੀ ਜ਼ੁਲਮ ਹਨੇਰੀ ਗਏ।
ਤਪਦੀ ਤਵੀ ਤੇ ਗੁਰ ਅਰਜਨ ਬਹਿ ਮਾਲਾ ਫੇਰੀ ਗਏ।

ਬਾਬੂ ਰਜਬ ਅਲੀ ਇਹ ਲਿਖਦਿਆਂ ਭੁੱਲ ਭੁਲਾ ਜਾਂਦਾ ਹੈ ਕਿ ਉਹ ਇਸਲਾਮੀ ਘਰ ਵਿੱਚ ਜੰਮਿਆ ਜਾਇਆ ਹੈ। ਅਸਲ ਵਿੱਚ ਇਸਲਾਮ ਜਾਂ ਧਰਮ ਦੀ ਗਰਮੀ ਦਾ ਉਦੋਂ ਅਜੇ ਬਹੁਤਾ ਬੁਖਾਰ ਹੀ ਨਹੀਂ ਸੀ ਹੁੰਦਾ, ਜਿਨ੍ਹਾਂ ਵਕਤਾਂ ਵਿੱਚ ਇਤਿਹਾਸ ਦੇ ਰੂ-ਬਰੂ ਖਲੋ ਕੇ ਬਾਬੂ ਰਜਬ ਅਲੀ ਨੇ ਇਹ ਕਿੱਸਾ ਲਿਖਿਆ। ਦੇਸ਼ ਦੀ ਵੰਡ ਤੋਂ ਪਹਿਲਾਂ ਹਿੰਦੂ, ਮੁਸਲਿਮ, ਸਿੱਖ ਈਸਾਈ ਲਈ ਤੀਸਰੀ ਜਾਤ ਗੋਰਾ ਫਰੰਗੀ ਸੀ। ਉਹ ਹੀ ਦੁਸ਼ਮਣ ਸੀ ਅਤੇ ਉਸ ਦੇ ਖਿਲਾਫ ਲੜਦੇ ਸੂਰਮਿਆਂ ਸ਼ਹੀਦ ਭਗਤ ਸਿੰਘ ਵਰਗਿਆਂ ਦੀਆਂ ਸ਼ਹੀਦੀਆਂ ਦੇ ਪ੍ਰਸੰਗ ਬਾਬੂ ਰਜਬ ਅਲੀ ਦੀ ਕਲਮ ਨੇ ਲਿਖੇ। ਆਪਣੇ ਸਮਕਾਲੀ ਦੇਸ਼ ਭਗਤੀ ਵਾਲੇ ਮਾਹੌਲ ਦੇ ਪੜੁੱਲ ਤੇ ਖਲੋ ਕੇ ਉਹ ਇਤਿਹਾਸ ਵੱਲ ਦੇਖਦਾ ਹੈ ਤਾਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਸ ਨੂੰ ਇਹ ਪ੍ਰੇਰਨਾ ਦਿੰਦੀ ਕਿ ਉਹ ਇਸ ਨੂੰ ਆਪਣੀ ਲਿਖਤ ਦਾ ਆਧਾਰ ਬਣਾਵੇ। ਛੰਦਾਬੰਦੀ ਦੇ ਵੰਨ-ਸੁਵੰਨੇ ਪ੍ਰਬੰਧ ਦੀ ਸਿਖਰਲੀ ਲਿਆਕਤ ਦਾ ਸਵਾਮੀ ਹੋਣ ਸਦਕਾ ਵੰਨ ਸੁਵੰਨਤਾ ਅਤੇ ਅਨੁਭਵ ਪ੍ਰਗਟਾਵਾ ਉਸ ਦੀ ਸ਼ਾਇਰੀ ਨੂੰ ਚਾਰ ਚੰਨ ਲਾਉਂਦੇ ਹਨ। ਇਹੀ ਕਾਰਨ ਹੈ ਕਿ ਮਾਲਵਾ ਦੇਸ਼ ਵਿੱਚ ਅੱਜ ਵੀ ਬਾਬੂ ਰਜਬ ਅਲੀ ਦਾ ਕਲਾਮ ਗਾਉਣ ਵਾਲੇ ਕਵੀਸ਼ਰਾਂ ਦੀ ਗਿਣਤੀ ੨੦੦ ਤੋਂ ਵੱਧ ਹੋਵੇਗੀ। ਬਾਬੂ ਰਜਬ ਅਲੀ ਦੇ ਗੀਤਾਂ ਨੂੰ ਮੁਹੰਮਦ ਸਦੀਕ ਵਰਗੇ ਪਰਪੱਕ ਗਵੱਈਆਂ ਨੇ ਵੀ ਗਾਇਆ ਅਤੇ ਸਤਿੰਦਰ ਸਰਤਾਜ ਵਰਗੇ ਅਸਲੋਂ ਨਵੇਂ ਸੁਰੀਲੇ ਪੁੱਤਰਾਂ ਨੇ ਵੀ। ਸਿਰਜਣਾ ਦੀ ਇਕ ਸਦੀ ਮੁਕੰਮਲ ਹੋਣ ਤੋਂ ਬਾਅਦ ਵੀ ਜੇ ਅੱਜ ਬਾਬੂ ਰਜਬ ਅਲੀ ਦੀ ਲਿਖਤ ਦੇ ਹਜ਼ਾਰਾਂ ਪਾਠਕ ਉਨ੍ਹਾਂ ਨੂੰ ਹਿੱਕ ਨਾਲ ਲਾਈ ਬੈਠੇ ਹਨ ਤਾਂ ਇਹ ਸ਼ਬਦ ਸ਼ਕਤੀ ਦਾ ਹੀ ਪ੍ਰਮਾਣ ਕਿਹਾ ਜਾ ਸਕਦਾ ਹੈ।

ਕਿੱਸਾ ਜੰਗ ਮਹਾਂਭਾਰਤ ਦਾ ਲਿਖਣ ਵੇਲੇ ਵੀ ਬਾਬੂ ਰਜਬ ਅਲੀ ਸਾਨੂੰ ਪੰਜਾਬ ਦੀ ਮਿੱਟੀ ਦੇ ਕਣ ਕਣ ਨਾਲ ਵਾਕਿਫ ਕਰਵਾਉਂਦਾ ਹੈ। ਇਤਿਹਾਸ ਦੇ ਪੁਰਾਤਨ ਪੱਤਰੇ ਫੋਲਦਿਆਂ ਉਹ ਸਾਨੂੰ ਇੰਝ ਵਾਰਤਾ ਸੁਣਾਉਂਦਾ ਹੈ, ਜਿਵੇਂ ਸਾਰਾ ਕੁਝ ਸਾਡੇ ਸਾਹਮਣੇ ਵਾਪਰਦਾ ਹੋਵੇ ਜਾਂ ਮਹਾਂਭਾਰਤ ਦੀ ਜੰਗ ਵੇਲੇ ਬਾਬੂ ਰਜਬ ਅਲੀ ਕੁਰੂਕਸ਼ੇਤਰ ਦੇ ਮੈਦਾਨ ਵਿੱਚ ਖੁਦ ਹਾਜ਼ਰ ਹੋਵੇ। ਹਵਾਲੇ ਵਜੋਂ ਇਹ ਸਤਰਾਂ ਵੇਖੋ :

ਕਹਿਣ ਲੱਗੇ ਮਾਪਿਆਂ ਨੂੰ ਵਿਆਹ ਕੇ ਡੋਬਤੀ।
ਪਾਂਡੋ ਬਲੀ ਲੈਗੇ ਜਿੱਤ ਕੇ ਦਰੋਪਤੀ।
ਭੀਸ਼ਮ ਪਿਤਾਮਾ ਨੇ ਮੰਗਾ ਕੇ ਪੋਤਿਆਂ ਨੂੰ।
ਮੇਵੇ ਵੰਡੇ ਰੋੜਾਂ ਤੋਂ ਉਠਾ ਕੇ ਤੋਤਿਆਂ ਨੂੰ।
ਅੱਧ ਰਾਜ ਵੰਡਤਾ ਧਰਿੱਤ ਤਾਏ ਜੀ।
ਦੁੱਖ-ਸੁੱਖ ਕਰਦੇ ਭਰਾ ਦੇ ਜਾਏ ਜੀ।
ਅਜੇ ਖੜ੍ਹੀ ਪਾਂਡੋ ਦੀ ਨਿਸ਼ਾਨੀ ਠੀਕ ਹੈ।
ਇੰਦਰ ਪ੍ਰਸਤ ਦਿੱਲੀ ਦੇ ਨਜ਼ੀਕ ਹੈ।
ਕੰਧ ਨਾਲ ਵੱਜਿਆ ਤੜੱਕ ਮੱਥਾ ਜੀ।
ਪੱਕੀ ਕੰਧ ਮੱਥੇ 'ਚੋਂ ਚਟਾਕ ਲੱਥਾ ਜੀ।
ਆਖਦੀ ਦਰੋਪਤੀ ਕਰੇ ਕੀ ਅੰਧਾ ਜੀ।
ਕੰਧੀਂ ਮਾਰੇ ਟੱਕਰਾਂ ਸਦਾਈ ਬੰਦਾ ਜੀ।

ਬਾਬੂ ਰਜਬ ਅਲੀ ਕੋਲ ਸ਼ਬਦ ਸ਼ਕਤੀ ਦਾ ਅਥਾਹ ਭੰਡਾਰ ਹੈ। ਇਸ ਨੂੰ ਉਸ ਨੇ ਕਿਤਾਬਾਂ ਵਿੱਚੋਂ ਗ੍ਰਹਿਣ ਨਹੀਂ ਕੀਤਾ, ਸਗੋਂ ਲੋਕ ਵੇਦ ਵਿੱਚੋਂ ਪੜ੍ਹਿਆ ਹੈ। ਇਸੇ ਕਰ ਕੇ ਸ਼ਬਦ ਉਸ ਦੀ ਅਰਦਲ ਵਿੱਚ ਅਰਜ਼ਮੰਦਾਂ ਵਾਂਗ ਆਣ ਖੜੋਦੇ ਹਨ। ਉਹ ਸਥਾਨਿਕ ਨਾਇਕਾਂ ਬੀਬੀ ਹਰਨਾਮ ਕੌਰ ਦੀ ਬਹਾਦਰੀ ਅਤੇ ਹਰਫੂਲ ਸਿੰਘ ਸੂਰਮੇ ਦੀ ਵਾਰਤਾ ਲਿਖਣ ਵੇਲੇ ਵੀ ਲੋਕ ਵੇਦ ਦੇ ਹਵਾਲਿਆਂ ਤੋਂ ਮੁਕਤ ਨਹੀਂ ਹੁੰਦਾ। ਹਰਨਾਮ ਕੌਰ ਦੀ ਵੀਰਤਾ ਦੀ ਕਹਾਣੀ ਬਾਬੂ ਰਜਬ ਅਲੀ ਦੀ ਜ਼ੁਬਾਨੀ ਸੁਣੋ :

ਸੁਣੀਂਦਾ ਪੰਜਾਬ 'ਚੋਂ ਲੜਾਕਾ ਮਾਲਵਾ
ਏਥੇ ਮਾਵਾਂ ਲੈਣ ਬੱਚਿਆਂ ਨੂੰ ਪਾਲ ਵਾਹ
ਕਾਕੀ ਹਰਨਾਮੀ ਜੰਮੀਂ ਇਨ੍ਹਾਂ ਝਾੜਾਂ ਦੀ
ਮਰਨੋਂ ਡਰੇਂ ਨਾ ਵੰਸ਼ਜ ਬਰਾੜਾਂ ਦੀ

ਇਸ ਧਰਤੀ ਦੀਆਂ ਧੀਆਂ ਦੀ ਵੀਰਤਾ ਨੂੰ ਵਰਨਣ ਕਰਨ ਲੱਗਾ ਉਹ ਇਸ ਗੱਲ ਨੂੰ ਕਦੀ ਨਹੀਂ ਵਿਸਾਰਦਾ ਕਿ ਉਹ ਵੀਰਤਾ ਦੀ ਗਾਥਾ ਕਹਿ ਰਿਹਾ ਹੈ, ਕਿਸੇ ਔਰਤ ਦੀ ਕਹਾਣੀ ਨਹੀਂ ਬਿਆਨ ਰਿਹਾ। ਸ਼ਾਇਦ ਇਸੇ ਕਰਕੇ ਡਾਕੂ ਲੁਟੇਰਿਆਂ ਦੀ ਨਫਰਤ ਅਤੇ ਦਲੇਰ ਧੀ ਲਈ ਆਦਰ ਮਾਣ ਦਾ ਮਾਹੌਲ ਉਸਾਰਦਾ ਹੈ। ਜੰਗਲ ਦੇਸ਼ ਮਾਲਵੇ ਦੀ ਬਹਾਦਰੀ ਦਾ ਇਹ ਕਿਣਕਾ ਸਾਡੇ ਸਾਹਮਣੇ ਔਰਤ ਨੂੰ ਬਲਵਾਨ ਹਿੱਸੇ ਵਜੋਂ ਪੇਸ਼ ਕਰਦਾ ਹੈ। ਇਹ ਉਹੀ ਧਰਤੀ ਹੈ, ਜਿਥੇ ਕਦੀ ਮਾਈ ਭਾਗੋ ਨੇ ਆਪਣੇ ਭਰਾਵਾਂ ਤੇ ਪੁੱਤਰਾਂ ਨੂੰ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਛੱਡਣ ਤੇ ਵੰਗਾਰਿਆ ਸੀ। ਹਰਫੂਲ ਸੂਰਮੇ ਦੀ ਵਾਰਤਾ ਕਹਿਣ ਲੱਗਾ ਵੀ ਉਹ ਲੋਕ ਮੁਹਾਵਰੇ ਨੂੰ ਇਸ ਤਰ੍ਹਾਂ ਵਰਤਦਾ ਹੈ, ਜਿਵੇਂ ਵਿਰਸੇ ਦੀਆਂ ਅਨਮੋਲ ਸ਼ਬਦ ਲੜੀਆਂ ਉਸ ਦੀ ਲਿਖਤ ਨੂੰ ਉਡੀਕ ਰਹੀਆਂ ਹੋਣ। ਵੱਖ-ਵੱਖ ਛੰਦ ਘਟਨਾਵਾਂ ਮੁਤਾਬਕ ਤਬਦੀਲ ਹੁੰਦੇ ਹਨ। ਮਨੋਹਰ ਭਵਾਨੀ ਛੰਦ ਮੇਰੀ ਚੇਤਨਾ ਵਿੱਚ ਪਹਿਲਾਂ ਕਦੇ ਨਹੀਂ ਸੀ ਆਇਆ। ਜੇ ਮੈਂ ਭੁੱਲਦਾ ਨਾ ਹੋਵਾਂ ਤਾਂ ਬਾਬੂ ਰਜਬ ਅਲੀ ਤੋਂ ਬਿਨਾਂ ਕਿਸੇ ਵੀ ਹੋਰ ਨੇ ਇਸ ਛੰਦ ਦੀ ਏਨੀ ਭਰਵੀਂ ਵਰਤੋਂ ਨਹੀਂ ਕੀਤੀ :

ਪੀਲ਼ੀ ਹਲਦੀ ਤੋਂ ਕੀਤੀ, ਦੁੱਖ ਦਰਜੀ ਨੇ ਸੀਤੀ, ਰੱਤ ਹਉਕਿਆਂ ਨੇ ਪੀਤੀ,
ਸੰਨਸਿਆਂ ਨੇ ਮਾਰਤੀ। ਘੜੀ-ਘੜੀ ਸੌ-ਸੌ ਸਾਲ ਦੀ ਗੁਜ਼ਾਰਤੀ।
ਦਿਲੀ ਮੁੱਦਤਾਂ ਤੋਂ ਤਾਂਘਾਂ, ਉਚੀ-ਉਚੀ ਮਾਰੇ ਚਾਂਗਾਂ, ਵੱਜੀਆਂ ਵੈਰਾਗ ਸਾਂਗਾਂ,
ਕੋਮਲ ਸਰੀਰ ਦੇ । ਤੇਜੋ ਗਲ੍ਹ ਚਿੰਬੜੀ ਡਡਿਆਕੇ ਵੀਰ ਦੇ।

ਏਨਾ ਸੁੱਚਾ ਸੁਥਰਾ ਤੇ ਸੰਜਮੀ ਅਨੁਭਵ ਪ੍ਰਗਟਾਅ ਵਿਰਲੇ ਸ਼ਾਇਰਾਂ ਨੂੰ ਨਸੀਬ ਹੁੰਦਾ ਹੈ। ਬਾਬੂ ਰਜਬ ਅਲੀ ਸ਼ਬਦਾਂ ਨੂੰ ਰੰਗਾਂ ਵਾਂਗ ਵਰਤਦਾ ਹੈ। ਵੱਖ-ਵੱਖ ਰੰਗਾਂ ਵਿੱਚੋਂ ਚਿਹਰੇ ਉਘਾੜਦਾ ਹੈ। ਰੰਗਾਂ ਨੂੰ ਬੋਲਣ ਅਤੇ ਜੀਵੰਤ ਅੰਦਾਜ਼ ਵਿੱਚ ਵਿਚਰਨ ਵਿਧੀ ਸਿਖਾਉਂਦਾ ਹੈ। ਇਹ ਸ਼ਕਤੀ ਵਿਰਲੇ ਸਿਰਜਕਾਂ ਦੇ ਹਿੱਸੇ ਆਉਂਦੀ ਹੈ ਕਿ ਉਨ੍ਹਾਂ ਦੇ ਲਿਖੇ ਬੋਲ ਮਨ-ਇੱਛਤ ਨਤੀਜੇ ਮੁਤਾਬਕ ਅੱਗੇ ਤੁਰਨ। ਸਾਨੂੰ ਬਾਬੂ ਰਜਬ ਅਲੀ ਦੀ ਲਿਖਤ ਵਿੱਚੋਂ ਸਮਾਜ ਸ਼ਾਸਤਰੀ ਅਧਿਐਨ ਦੀਆਂ ਸੰਭਾਵਨਾਵਾਂ ਨੂੰ ਵੀ ਵੇਖਣਾ ਪਰਖਣਾ ਚਾਹੀਦਾ ਹੈ।

ਬਾਬੂ ਰਜਬ ਅਲੀ ਦੀ ਲਿਖਤ ਵਿੱਚ ਧਰਤੀ ਬੋਲਦੀ ਆਪਣੇ ਦੁੱਖ ਸੁੱਖ ਸੁਣਾਉਂਦੀ ਆਪਣੇ ਪੁੱਤਰਾਂ ਦੇ ਗੁਣਾਂ ਔਗੁਣਾਂ ਨੂੰ ਪੇਸ਼ ਕਰਦੀ ਹੈ। ਪੂਰੀ ਬੇਲਿਹਾਜ਼ ਹੈ ਬਾਬੂ ਰਜਬ ਅਲੀ ਦੀ ਕਵਿਤਾ। ਸਾਡੀਆਂ ਨਾਲਾਇਕੀਆਂ ਤੇ ਪਰਦਾ ਨਹੀਂ ਪਾਉਂਦੀ। ਸਾਡੀਆਂ ਕਮੀਨਗੀਆਂ ਨੂੰ ਸਾਡੇ ਸਾਹਮਣੇ ਸਿੱਧਾ ਖੜ੍ਹਾ ਕਰ ਦਿੰਦੀ ਹੈ। ਸਬਕ ਦਿੰਦੀ ਹੈ, ਸਦੀਵ ਕਾਲੀ ਪ੍ਰੇਰਨਾ ਵਰਗਾ, ਜਿਸ ਦੀ ਰੌਸ਼ਨੀ ਵਿੱਚ ਮਨੁੱਖ ਕਦੇ ਵੀ ਖੁਦ ਨੂੰ ਇਕੱਲਾ ਮਹਿਸੂਸ ਨਹੀਂ ਕਰਦਾ। ਕਵੀਸ਼ਰ ਸੁਖਵਿੰਦਰ ਸਿੰਘ ਸੁਤੰਤਰ ਦੀ ਦਾਦ ਦੇਣੀ ਬਣਦੀ ਹੈ, ਜਿਸ ਨੇ ਹਿੰਮਤ ਕਰ ਕੇ ਬਾਬੂ ਰਜਬ ਅਲੀ ਦੀ ਇਸ ਅੱਠਵੀਂ ਲਿਖਤ ਨੂੰ ਸੰਪਾਦਿਤ ਕਰਕੇ ਪੰਜਾਬੀ ਪਿਆਰਿਆਂ ਸਨਮੁੱਖ ਪੇਸ਼ ਕੀਤਾ ਹੈ। ਮੈਂ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਸਮੂਹ ਪਰਿਵਾਰ ਵੱਲੋਂ ਕਵੀਸ਼ਰ ਸੁਤੰਤਰ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ। ਇਸ ਪੁਸਤਕ ਤੋਂ ਬਾਅਦ ਬਾਕੀ ਰਹਿੰਦਾ ਕਲਾਮ ਵੀ ਉਹ ਇਸੇ ਸ਼ਕਤੀ ਨਾਲ ਸਾਡੇ ਸਾਹਮਣੇ ਲਿਆਉਣਗੇ, ਇਹ ਮੇਰਾ ਵਿਸ਼ਵਾਸ ਹੈ। ਸੰਗਮ ਪਬਲੀਕੇਸ਼ਨਜ਼ ਸਮਾਣਾ ਦੇ ਸੰਚਾਲਕ ਵੀ ਇਸ ਚੰਗੇ ਕਾਰਜ ਲਈ ਮੁਬਾਰਕਬਾਦ ਦੇ ਹੱਕਦਾਰ ਹਨ।

ਵਿਰਸੇ ਦੀਆਂ ਅਨਮੋਲ ਕਣੀਆਂ ਦੇ ਰੂ-ਬ-ਰੂ ਕਰਨ ਲਈ ਸੰਪਾਦਕ ਅਤੇ ਪ੍ਰਕਾਸ਼ਕ ਵੀਰਾਂ ਦਾ ਜਿੰਨਾ ਸ਼ੁਕਰੀਆ ਕੀਤਾ ਜਾਵੇ, ਥੋੜ੍ਹਾ ਹੈ।